21

DGSE (busy)
14-10-2026
DySPO-Admn
ON 16.10.26

File No. SED-EDU404/52/2026-5EDU4/I/1528153/2026 ਮਿਤੀ : 12.10.2026

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ – 4 ਸ਼ਾਖਾ)

ਹੁਕਮ

ਸ੍ਰੀ ਸਤਿੰਦਰ ਸਿੰਘ, ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਬੰਨੂੜ ਜਿਲ੍ਹਾ ਐਸ.ਏ.ਐਸ ਨਗਰ ਵਿਰੁੱਧ ਸ੍ਰੀ ਕਰਮਜੀਤ ਸਿੰਘ (ਤਦ) ਈ.ਟੀ.ਟੀ ਟੀਚਰ ਸ.ਪ੍ਰਾ.ਸ ਕਰਾਲਾ ਜਿਲ੍ਹਾ ਐਸ.ਏ.ਐਸ ਨਗਰ ਦੇ ਮੁੱਅਤਲੀ ਸਮੇਂ ਦੌਰਾਨ ਸਰਕਾਰ ਦੀਆਂ ਹਦਾਇਤਾਂ ਦੇ ਉਲਟ ਲਾਭ ਦਿੱਤੇ ਜਾਣ, ਬਤੌਰ ਸਰਕਾਰੀ ਗਵਾਹ ਗਲਤ ਬਿਆਨ ਦੇਣ, ਮੁੱਢਲੀ ਪੜਤਾਲ ਵਿੱਚ ਸਹਿਯੋਗ ਨਾ ਦਿੰਦੇ ਹੋਏ ਰਿਕਾਰਡ ਨੂੰ ਪੇਸ਼ ਨਾ ਕਰਨ, ਗਲਤ ਰਿਪੋਰਟ ਪੇਸ਼ ਕਰਕੇ ਸਰਕਾਰ ਨੂੰ ਗੁੰਮਰਾਹ ਕਰਨ ਅਤੇ ਅਸਲੀ ਤੱਥਾਂ ਨੂੰ ਛੁਪਾਉਣ ਦੇ ਦੋਸ਼ ਹਨ। ਇਨ੍ਹਾਂ ਗੰਭੀਰ ਦੋਸ਼ਾਂ ਕਾਰਨ ਉਸ ਨੂੰ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਦੇ ਨਿਯਮ 4(1) ਅਨੁਸਾਰ ਪੈਡਿੰਗ ਪੜਤਾਲ ਦੀ ਸ਼ਰਤ ਤੇ ਸਰਕਾਰੀ ਸੇਵਾ ਤੋਂ ਮੁਅੱਤਲ ਕੀਤਾ ਜਾਂਦਾ ਹੈ। ਮੁਅੱਤਲੀ ਦੌਰਾਨ ਉਸ ਦਾ ਹੈੱਡ ਕੁਆਰਟਰ ਦਫ਼ਤਰ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ), ਐਸ.ਏ.ਐਸ ਨਗਰ, ਨਿਸ਼ਚਿਤ ਕੀਤਾ ਜਾਂਦਾ ਹੈ।

2. ਮੁਅੱਤਲੀ ਸਮੇਂ ਦੌਰਾਨ ਕਰਮਚਾਰੀ ਨੂੰ ਨਿਯਮਾਂ ਅਨੁਸਾਰ ਗੁਜ਼ਾਰਾ ਭੱਤਾ ਮਿਲਣਯੋਗ ਹੋਵੇਗਾ।

3. ਇਹ ਹੁਕਮ ਤੁਰੰਤ ਲਾਗੂ ਹੋਣਗੇ।

**ਮਿਤੀ ,ਚੰਡੀਗੜ੍ਹ:**
**08.10.2026**

**ਸੋਨਾਲੀ ਗਿਰਿ, ਆਈ.ਏ.ਐਸ**
**ਸਕੱਤਰ, ਪੰਜਾਬ ਸਰਕਾਰ,**
**ਸਕੂਲ ਸਿੱਖਿਆ ਵਿਭਾਗ**

ਪਿੱ. ਅੰ. ਨੰ. SED-EDU404/52/2026-5EDU4/I/1528153/2026 ਮਿਤੀ : 12.10.2026

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਸਕੂਲ ਸਿੱਖਿਆ ਬੋਰਡ, ਕੰਪਲੈਕਸ, ਫੇਜ-8 ਮੋਹਾਲੀ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਇਨ੍ਹਾਂ ਹੁਕਮਾਂ ਨੂੰ ਵਿਭਾਗ ਦੀ ਵੈਬਸਾਈਟ ਤੇ ਅੱਪਲੋਡ ਕਰਵਾਉਣ ਸਬੰਧੀ ਕਾਰਵਾਈ ਕੀਤੀ ਜਾਵੇ।
2. ਡਾਇਰੈਕਟਰ ਸਕੂਲ ਐਜੂਕੇਸ਼ਨ (ਸੈ.ਸਿ/ ਐ.ਸਿੱ), ਪੰਜਾਬ।
3. ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਐਸ.ਏ.ਐਸ ਨਗਰ।
4. ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ) ਐਸ.ਏ.ਐਸ ਨਗਰ ਨੂੰ ਕਰਦੇ ਹੋਏ ਕਰਮਚਾਰੀ ਨੂੰ ਆਪਣੇ ਪੱਧਰ ਤੇ ਜਾਣੂ ਕਰਵਾਉਣ ਹਿਤ ਵੀ।
5. ਸੁਪਰਡੰਟ ਸਿੱਖਿਆ-7 ਸ਼ਾਖਾ (ਸਿੱਖਿਆ ਵਿਭਾਗ)
6. ਸਬੰਧਤ ਕਰਮਚਾਰੀ (ਵੈਬਸਾਈਟ ਰਾਹੀਂ)

O/o DGSE CUM SPD
Sarva Shiksha Abhiyan Authority (Pb.)
Central Deiry
No. 597884 Date 14/10/26

**ਅਧੀਨ ਸਕੱਤਰ, ਸਕੂਲ ਸਿੱਖਿਆ**